# ਉਸ ਦੇ ਬਾਰੇ ਦੂਜੇਆਂ ਨੇ ਕੀ ਕੀਹਾ?

**ਇਕ  ਫਰਿਸ਼ਤੇ ਨੇਂ:**
"ਯੂਸਫ਼, ਦਾਊਦ ਦੀ ਸੰਤਾਨ, ਮਰੀਅਮ ਨੂੰ ਆਪਣੀ ਪਤਨੀ ਬਣਾਉਣ ਤੋਂ ਨਾ ਡਰ, ਕਿਉਂਕਿ ਜੋ ਕੁਝ ਉਸ ਦੀ ਗਰਭ ਵਿਚ ਹੈ ਉਹ ਪਵਿੱਤਰ ਆਤਮਾ ਵੱਲੋਂ ਹੈ। .... । ਤੂੰ ਉਸ ਦਾ ਨਾਂ ਯਿਸੂ ਰੱਖਣਾ, ਕਿਉਂਕਿ ਉਹ ਆਪਣੇ ਲੋਕਾਂ ਨੂੰ ਉਹਨਾ ਦੇ ਪਾਪਾਂ ਤੋਂ ਬਚਾਵੇਗਾ ।"
(ਸੰਤ ਮਤੀ ੧ : ੨੦-੨੧)

**ਪ੍ਰਭੂ ਯਿਸੂ ਨੇਂ ਆਪਣੇ ਚੇਲਿਆਂ ਤੋ ਪੁਛਿਆ:**
"ਮੈਂ ਕੌਣ ਹਾਂ ? ਤੁਸੀਂ ਇਸ ਦੇ ਬਾਰੇ ਤੁਸੀਂ ਕੀ ਕਹਿੰਦੇ ਹੋ ?"
ਪਤਰਸ ਨੇ ਉਤਰ ਦਿੱਤਾ, "ਤੁਸੀਂ ਪਰਮੇਸ਼ਰ ਦੇ 'ਮਸੀਹ' ਹੋ ।"
(ਸੰਤ ਲੂਕਾ ੯: ੨੦)

**ਫ਼ੌਜੀ ਅਫ਼ਸਰ ਜਿਹੜਾ ਉਸ ਵੇਲੇ ਉਥੇ ਖੜਾ ਸੀ, ਜਦੋਂ ਉਸਨੇ ਯਿਸੂ ਨੂੰ ਇਸ ਤਰ੍ਹਾਂ ਉਚੀ ਅਵਾਜ਼ ਨਾਲ ਜਾਨ ਦਿੰਦੇ ਦੇਖਿਆ ਤਾਂ ਬੋਲਿਆ:**
"ਸੱਚ ਮੁੱਚ ਇਹ ਪਰਮੇਸ਼ਰ ਦਾ ਪੁੱਤਰ ਸੀ ।"
(ਸੰਤ ਮਰਕੁਸ ੧੫: ੩੯)

**ਸੰਤ ਪੌਲੁਸ ਕਹਿੰਦੇ ਹਨ:**
"ਉਹ ਆਦਿ ਤੋਂ ਹੀ ਪਰਮੇਸ਼ਰ ਦਾ ਸਰੂਪ ਸੀ,
ਪਰ ਫਿਰ ਵੀ ਉਸਨੇ ਆਪਣੇ ਆਪ ਨੂੰ ਬਲ ਪੂਰਵਕ ਪਰਮੇਸ਼ਰ ਦੇ ਬਰਾਬਰ ਨਾ ਸਮਝਣਾ ਚਾਹਾ ।
ਸਗੋਂ ਉਸ ਨੇ ਇਸ ਦੀ ਥਾਂ ਆਪਣੇ ਆਪ ਨੂੰ ਖਾਲੀ ਕਰਕੇ,
ਇਕ ਦਾਸ ਦਾ ਰੂਪ ਧਾਰ ਲਿਆ ਅਤੇ ਪੂਰਨ ਮਨੁੱਖ ਬਣਕੇ ਪ੍ਰਗਟ ਹੋਇਆ ।
ਉਸ ਨੇ ਆਪਣੇ ਆਪ ਨੂੰ ਨਮ੍ਰ ਕੀਤਾ , ਅਤੇ ਮੌਤ ਤਕ ਆਗਿਆਕਾਰ ਰਿਹਾ, ਇਥੋਂ ਤਕ ਕਿ ਸਲੀਬੀ ਮੌਤ ਤਕ ।
ਇਸੇ ਲਈ ਪਰਮੇਸ਼ਰ ਨੇਂ ਵੀ ਉਸ ਨੂੰ ਉੱਚਾ ਕੀਤਾ ,
ਅਤੇ ਉਸ ਨੂੰ ਉਹ ਨਾਂ ਦਿੱਤਾ , ਜੋ ਸਭ ਨਾਵਾਂ ਤੋਂ ਉੱਚਾ ਹੈ ।
ਤਾਂ ਜੋ ਯਿਸੂ ਦੇ ਨਾਂ ਤੇ ਹਰ ਵਿਅਕਤੀ ਝੁਕੇ (ਗੋਡੇ ਟੇਕੇ), ਚਾਹੇ ਉਹ ਅਸਮਾਨ ਤੇ ਹੋਵੇ, ਜਾਂ ਜ਼ਮੀਨ ਤੇ ਜਾਂ ਜ਼ਮੀਨ ਦੇ ਥੱਲੇ ।
ਹਰ ਮਨੁੱਖ ਪਰਮੇਸ਼ਰ ਪਿਤਾ ਦੀ ਮਹਿਮਾ ਵਿਚ, ਖੁਲ੍ਹੇ ਆਮ ਮੰਨ੍ਹੇ ਕਿ ਯਿਸੂ ਮਸੀਹ ਹੀ ਪ੍ਰਭੂ ਹੈ ।" (ਫਿਲਿਪੀਆਂ ੨: ੬-੧੧)

# ਪ੍ਰਭੂ ਯਿਸੂ ਮਸੀਹ ਨੇਂ ਆਪਣੇ ਬਾਰੇ ਕੀ ਕਿਹਾ:

ਯਿਸੂ ਨੇ ਉਹਨਾਂ ਨੂੰ ਕਿਹਾ, "ਜੀਵਣ ਦੀ ਰੋਟੀ ਮੈਂ ਹੀ ਹਾਂ , ਜੋ ਕੋਈ ਮੇਰੇ ਕੋਲ ਆਉਂਦਾ ਹੈ , ਉਹ ਕਦੀ ਭੁੱਖਾ ਨਾ ਹੋਵੇਗਾ । ਜੋ ਮੇਰੇ ਉਤੇ ਵਿਸ਼ਵਾਸ ਕਰਦਾ ਹੈ , ਉਹ ਕਦੀ ਤਿਹਾਇਆ ਨਾ ਹੋਵੇਗਾ । (ਸੰਤ ਯੂਹੰਨਾ ੬: ੩੫)

"ਮੈਂ ਸੰਸਾਰ ਦੀ ਜੋਤੀ ਹਾਂ । ਜੋ ਮੇਰੇ ਪਿੱਛੇ ਆਏਗਾ, ਉਹ ਹਨੇਰੇ ਵਿਚ ਨਹੀਂ ਚਲੇਗਾ, ਸਗੋਂ ਜੀਵਣ ਦੀ ਜੋਤੀ ਪ੍ਰਾਪਤ ਕਰੇਗਾ ।"
( ਸੰਤ ਯੂਹੰਨਾ ੮: ੧੨)

"ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ, ਭੇਡਾਂ ਦਾ ਦਰਵਾਜ਼ਾ ਮੈਂ ਹਾਂ । ਦਰਵਾਜ਼ਾ ਮੈਂ ਹਾਂ । ਜੋ ਮੇਰੇ ਦੁਆਰਾ ਅੰਦਰ ਆਉਂਦਾ ਹੈ, ਉਹ ਮੁਕਤੀ ਪਾਵੇਗਾ, ਉਹ ਅੰਦਰ ਬਾਹਰ ਆਇਆ ਜਾਇਆ ਕਰੇਗਾ ਅਤੇ ਚਾਰਾ ਪਾਵੇਗਾ ; (ਸੰਤ ਯੂਹੰਨਾ ੧੦: ੭,੯)

"ਮੈਂ ਅੱਛਾ ਚਰਵਾਹਾ ਹਾਂ । ਅੱਛਾ ਚਰਵਾਹਾ ਭੇਡਾਂ ਦੇ ਲਈ ਆਪਣੀ ਜਾਣ ਦਿੰਦਾ ਹੈ "। (ਸੰਤ ਯੂਹੰਨਾ ੧੦: ੧੧)

" ਮੈਂ ਹੀ ਪੁਨਰ ਉੱਥਾਨ ਅਤੇ ਜੀਵਣ ਹਾਂ । ਜੋ ਕੋਈ ਮੇਰੇ ਤੇ ਵਿਸ਼ਵਾਸ ਰੱਖਦਾ ਹੈ, ਬੇਸ਼ਕ ਉਹ ਮਰ ਵੀ ਜਾਵੇ , ਉਹ ਫਿਰ ਵੀ ਜੀਵੇਗਾ । ਉਹ ਸਾਰੇ ਜਿਹੜੇ ਜੀਉਂਦੇ ਹਨ ਅਤੇ ਮੇਰੇ ਉਤੇ ਵਿਸ਼ਵਾਸ ਰੱਖਦੇ ਹਨ , ਕਦੀ ਨਹੀਂ ਮਰਨਗੇ । (ਸੰਤ ਯੂਹੰਨਾ ੧੧: ੨੫-੨੬)

" ਮੈਂ ਹੀ ਰਾਹ ਹਾਂ, ਮੈਂ ਹੀ ਸਤ, ਮੈਂ ਹੀ ਜੀਵਣ ਹਾਂ । ਮੇਰੇ ਤੋਂ ਬਿਨਾਂ ਕੋਈ ਵੀ ਪਿਤਾ ਦੇ ਕੋਲ ਪਹੁੰਚ ਨਹੀਂ ਸਕਦਾ । (ਸੰਤ ਯੂਹੰਨਾ ੧੪: ੬)

"ਮੈਂ ਅੰਗੂਰ ਦੀ ਅਸਲੀ ਵੇਲ ਹਾਂ ਅਤੇ ਮੇਰਾ ਪਿਤਾ ਮਾਲੀ ਹੈ । ਹਰ ਟਹਿਣੀ ਜਿਹੜੀ ਫਲ ਨਹੀਂ ਦਿੰਦੀ ਉਹ ਉਸ ਨੂੰ ਕੱਟ ਦਿੰਦਾ ਹੈ, ਅਤੇ ਜਿਹੜੀ ਫਲ ਦਿੰਦੀ ਹੈ, ਉਸ ਨੂੰ ਛਾਂਟਦਾ ਹੈ ਕਿ ਉਹ ਹੋਰ ਜ਼ਿਆਦਾਫਲ ਦੇਵੇ । ਤੁਸੀਂ ਉਸ ਵਚਨ ਦੇ ਕਾਰਨ, ਜਿਹੜਾ ਮੈਂ ਤੁਹਾਨੂੰ ਕਹਿ ਚੁਕਾ ਹਾਂ, ਪਹਿਲਾ ਹੀ ਸ਼ੁੱਧ ਹੋ ਚੁਕੇ ਹੋ । ਮੇਰੇ ਵਿਚ ਰਹੋ, ਜਿਸ ਤਰ੍ਹਾਂ ਮੈਂ ਤੁਹਾਡੇ ਵਿਚ ਹਾਂ । ਜਿਸ ਤਰ੍ਹਾਂ ਟਹਿਣੀ ਜੇਕਰ ਵੇਲ ਵਿਚ ਨਾ ਰਹੇ, ਤਾਂ ਉਹ ਫ਼ਲ ਨਹੀਂ ਦਿੰਦੀ, ਉਸੇ ਤਰ੍ਹਾਂ ਜੇਕਰ ਤੁਸੀਂ ਮੇਰੇ ਵਿਚ ਨਾ ਰਹੋ ਤਾਂ ਪਲ ਨਹੀਂ ਸਕਦੇ । (ਸੰਤ ਯੂਹੰਨਾ ੧੫: ੧-੪)

# ਪ੍ਰਭੂ ਯਿਸੂ ਦੁਨਿਆ ਵਿਚ ਕਿਉਂ ਆਏ?

**ਯਿਸੂ ਨੇ ਕਿਹਾ :**
"ਮਨੁੱਖ ਦਾ ਪੁੱਤਰ ਵੀ ਇਸ ਤਰ੍ਹਾਂ ਸੇਵਾ ਕਰਾਉਣ ਲਈ ਨਹੀਂ ਆਇਆ, ਉਹ ਸੇਵਾ ਕਰਨ ਅਤੇ ਬਹੁਤਿਆਂ ਲੋਕਾਂ ਦੀ ਮੁਕਤੀ ਦਾ ਮੁੱਲ ਚੁਕਾਣ ਦੇ ਲਈ ਆਪਣੀ ਜਾਨ ਦੇਣ ਲਈ ਆਇਆ ਹੈ ।"
(ਸੰਤ ਮਤੀ ੨੦: ੨੮)

ਕਿਉਂਕਿ ਪਰਮੇਸ਼ਰ ਨੇ ਸੰਸਾਰ ਨਾਲ ਇੰਨਾ ਪਿਆਰ ਕੀਤਾ ਕਿ ਉਸ ਨੇ ਆਪਣਾ ਇਕਲੌਤਾ ਪੁੱਤਰ ਦੇ ਦਿਤਾ, ਤਾਂ ਜੋ ਉਹ ਸਾਰੇ ਜਿਹੜੇ ਉਸ ਉਤੇ ਵਿਸ਼ਵਾਸ ਕਰਨ, ਨਾਸ਼ ਨਾ ਹੋਣ, ਸਗੋਂ ਅਨੰਤ ਜੀਵਣ ਪ੍ਰਾਪਤ ਕਰਨ । ਪਰਮੇਸ਼ਰ ਨੇ ਆਪਣੇ ਪੁੱਤਰ ਨੂੰ ਸੰਸਾਰ ਵਿਚ ਇਸ ਲਈ ਨਹੀਂ ਘਲਿਆ ਕਿ ਓਹ ਸੰਸਾਰ ਨੂੰ ਦੰਡ ਦੇਵੇ, ਸਗੋ ਇਸ ਲਈ ਕਿ ਸੰਸਾਰ ਨੂੰ ਮੁਕਤੀ ਦੇਵੇ । (ਸੰਤ ਯੂਹੰਨਾ ੩: ੧੬-੧੭)

ਮੈਂ ਇਸ ਲਈ ਆਇਆ ਕਿ ਉਹ ਜੀਵਣ ਪ੍ਰਾਪਤ ਕਰਨ ਅਤੇ ਬਹੁਲਤਾ ਨਾਲ ਪ੍ਰਾਪਤ ਕਰਨ । (ਸੰਤ ਯੂਹੰਨਾ ੧੦: ੧੦)

**ਸੰਤ ਪੌਲੁਸ ਲਿਖਦੇ ਹਨ :**
ਸਾਡੇ ਪ੍ਰਭੂ ਯਿਸੂ ਮਸੀਹ ਦੇ ਪਿਤਾ ਅਰਥਾਤ ਪਰਮੇਸ਼ਰ ਦਾ ਧੰਨਵਾਦ ਹੋਵੇ, ਜਿਸ ਨੇ ਸਾਨੂੰ ਮਸੀਹ ਦੁਆਰਾ ਹਰ ਆਤਮਕ ਦਾਤ ਦਾ ਦਾਨ, ਜੋ ਸਵਰਗ ਵਿਚ ਹੈ, ਦਿੱਤਾ ਹੈ । ਸੰਸਾਰ ਦੀ ਰਚਨਾ ਕਰਨ ਤੋਂ ਪਹਿਲਾਂ ਹੀ ਉਸਨੇ ਸਾਨੂੰ ਮਸੀਹ ਵਿਚ ਚੁਣ ਲਿਆ ਕਿ ਅਸੀਂ ਉਸ ਦੇ ਸਾਹਮਣੇ ਪਵਿੱਤਰ ਅਤੇ ਨਿਹਕਲੰਕ ਠਹਿਰੀਏ । ਸਾਡੇ ਨਾਲ ਆਪਣੇ ਪਿਆਰ ਦੇ ਕਾਰਨ, ਉਸਨੇ ਸਾਨੂੰ ਵੱਖ ਕਰ ਲਿਆ ਕਿ ਅਸੀਂ ਯਿਸੂ ਮਸੀਹ ਦੁਆਰਾ ਉਸ ਦੀ ਗੋਦ ਲਈ ਸੰਤਾਨ ਬਣ ਜਾਇਏ । ਇਹ ਸਭ ਉਸ ਦੀ ਆਪਣੀ ਖੁਸ਼ੀ ਅਤੇ ਇੱਛਾ ਦੇ ਕਾਰਨ ਹੋਇਆ । ਉਸ ਨੇ ਇਹ ਕੀਤਾ ਕਿ ਅਸੀਂ ਸੱਚੇ ਮਨੋ ਉਸ ਦੀ ਅਤਿ ਸੁੰਦਰ ਦਾਤ ਦੀ ਜੋ ਸਾਨੂੰ ਉਸ ਦੇ ਪਿਆਰੇ ਪੁੱਤਰ ਵਿਚ ਮਿਲੀ ਹੈ, ਵਡਿਆਈ ਕਰੀਏ । (ਅਫਸੀਆਂ ੧: ੩-੬)

**ਸੰਤ ਯੂਹੰਨਾ ਪ੍ਰਭੂ ਯਿਸੂ ਬਾਰੇ ਲਿਖਦੇ ਹਨ :**
ਉਹ ਆਪਣੇ ਘਰ ਆਇਆ, ਪਰ ਉਸ ਦੇ ਆਪਣੇ ਲੋਕਾਂ ਨੇ ਹੀ , ਉਸ ਨੂੰ ਸਵੀਕਾਰ ਨਾ ਕੀਤਾ ਅਤੇ ਉਸ ਉਤੇ ਵਿਸ਼ਵਾਸ ਨਾ ਕੀਤਾ । ਪਰ ਜਿੰਨਿਆਂ ਨੇ ਉਸ ਨੂੰ ਸਵੀਕਾਰ ਕੀਤਾ ਅਤੇ ਉਸ ਉਤੇ ਵਿਸ਼ਵਾਸ ਕੀਤਾ, ਉਹਨਾਂ ਨੂੰ ਉਸ ਨੇਂ ਪਰਮੇਸ਼ਰ ਦੀ ਸੰਤਾਨ ਹੋਣ ਦਾ ਅਧਿਕਾਰ ਦਿੱਤਾ । (ਸੰਤ ਯੂਹੰਨਾ ੧: ੧੧-੧੨)

# ਪ੍ਰਭੂ ਯਿਸੂ ਆਪਣੇ ਲੋਕਾਂ ਲਈ ਕੀ ਪ੍ਰਤਿਗਿਆ ਕਰਦੇ ਹੈ?

**ਯਿਸੂ ਨੇ ਕਿਹਾ :**

"ਤੁਸੀਂ ਜਿਹੜੇ ਥੱਕੇ ਅਤੇ ਭਾਰ ਦੇ ਹੇਠਾਂ ਦਬੇ ਹੋਏ ਹੋ, ਮੇਰੇ ਕੋਲ ਆਉ, ਮੈਂ ਤੁਹਾਨੂੰ ਅਰਾਮ ਦੇਵਾਂਗਾ । ਮੇਰਾ ਜੂਲਾ ਲਵੋ ਅਤੇ ਆਪਣੇ ਉਤੇ ਰੱਖੋ । ਮੇਰੇ ਕੋਲੋਂ ਸਿੱਖੋ ਕਿ ਮੈਂ ਦਿਲ ਦਾ ਨਰਮ ਅਤੇ ਆਤਮਾ ਦਾ ਦੀਨ ਹਾਂ; ਅਤੇ ਤੁਸੀਂ ਅਰਾਮ ਪਾਉਗੇ; ਕਿਉਂਕਿ ਮੇਰਾ ਜੂਲਾ ਸੌਖਾ ਅਤੇ ਮੇਰਾ ਭਾਰ ਹੌਲਾ ਹੈ । (ਸੰਤ ਮਤੀ ੧੧: ੨੮-੩੦)

"ਮੈਂ ਤੁਹਾੜੇ ਨਾਲ ਹਮੇਸ਼ਾਂ ਤਕ ਹਾਂ, ਇਥੋਂ ਤਕ ਕਿ ਜੁਗਾਂ ਦੇ ਅੰਤ ਤਕ ।" (ਸੰਤ ਮਤੀ ੨੮: ੨੦)

"ਜੇਕਰ ਕੋਈ ਤਿਹਾਇਆ ਹੈ, ਤਾਂ ਉਹ ਮੇਰੇ ਕੋਲ ਆਏ ਅਤੇ ਪੀਏ । ਜਿਸ ਤਰ੍ਹਾਂ ਧਰਮ ਗ੍ਰੰਥ ਵਿਚ ਲਿਖਿਆ ਹੋਇਆ ਹੈ, ਉਹ ਜਿਹੜਾ ਮੇਰੇ ਉਤੇ ਵਿਸ਼ਵਾਸ ਕਰਦਾ ਹੈ । ਉਸ ਦੇ ਅੰਦਰੋਂ (ਅਰਥਾਤ ਢਿਡ ਵਿਚੋਂ) ਜੀਵਣ ਦੇ ਜਲ ਦੀਆਂ ਧਾਰਾਂ ਫੁੱਟ ਪੈਣਗੀਆਂ ।" (ਸੰਤ ਯੂਹੰਨਾ ੭: ੩੭-੩੮)

ਮੇਰੇ ਪਿਤਾ ਦੇ ਘਰ ਵਿਚ ਬਹੁਤ ਰਹਿਣ ਵਾਲੀਆਂ ਥਾਵਾਂ ਹਨ ਜੇਕਰ ਨਾ ਹੁੰਦੀਆਂ, ਤਾਂ ਕੀ ਮੈਂ ਤੁਹਾਨੂੰ ਕਹਿੰਦਾ ਕਿ ਮੈਂ ਤੁਹਾੜੇ ਲਈ ਥਾਂ ਤਿਆਰ ਕਰਨ ਲਈ ਜਾ ਰਿਹਾ ਹਾਂ? ਸੋ ਜੇਕਰ ਮੈਂ ਜਾ ਕੇ ਤੁਹਾੜੇ ਲਈ ਥਾਂ ਤਿਆਰ ਕਰਾਂ, ਤਾਂ ਮੈਂ ਫਿਰ ਵਾਪਸ ਆਵਾਂਗਾ ਅਤੇ ਤੁਹਾਨੂੰ ਆਪਣੇ ਕੋਲ ਲੈ ਜਾਵਾਂਗਾ, ਤਾਂ ਜੋ ਜਿਥੇ ਮੈਂ ਹਾਂ ਤੁਸੀਂ ਵੀ ਹੋਵੋ । (ਸੰਤ ਯੂਹੰਨਾ ੧੪: ੨-੩)

ਇਹ ਗੱਲਾਂ ਮੈਂ ਤੁਹਾਨੂੰ ਇਸ ਲਈ ਕਹੀਆਂ ਹਨ ਕਿ ਤੁਸੀਂ ਮੇਰੇ ਵਿਚ ਸ਼ਾਂਤੀ ਪਾਉ । ਸੰਸਾਰ ਵਿਚ ਤੁਸੀਂ ਦੁੱਖ ਪਾਉਗੇ, ਪਰ ਹੌਂਸਲਾ ਰੱਖੋ, ਮੈਂ ਸੰਸਾਰ ਨੂੰ ਜਿੱਤ ਲਿਆ ਹੈ । (ਸੰਤ ਯੂਹੰਨਾ ੧੬: ੩੩)

**ਸੰਤ ਪੌਲੁਸ ਲਿਖਦੇ ਹਨ :**

ਤਿੰਨ ਵਾਰ ਮੈਂ ਪਰਮੇਸ਼ਰ ਅੱਗੇ ਅਰਦਾਸ ਕੀਤੀ ਕਿ ਉਹ ਇਸ ਨੂੰ ਮੇਰੇ ਤੋਂ ਦੂਰ ਕਰੇ । ਪਰ ਉਸ ਨੇ ਮੈਨੂੰ ਉੱਤਰ ਦਿੱਤਾ, "ਮੇਰੀ ਕਿਰਪਾ ਹੀ ਤੇਰੇ ਲਈ ਬਹੁਤ ਹੈ, ਕਿਉਂਕਿ ਮੇਰੀ ਸ਼ਕਤੀ ਕਮਜ਼ੋਰੀ ਵਿਚ ਹੀ ਪੂਰਨ ਹੁੰਦੀ ਹੈ । ਇਸ ਲਈ ਮੈਂ ਆਪਣੀ ਕਮਜ਼ੋਰੀ ਤੇ ਖੁਸ਼ੀ ਨਾਲ ਮਾਣ ਕਰਾਂਗਾ, ਤਾਂ ਜੋ ਮਸੀਹ ਦੀ ਸ਼ਕਤੀ ਦਾ ਵਾਸ ਮੇਰੇ ਵਿਚ ਹੋਵੇ । (੨ ਕੁਰਿੰਥੁਸ ੧੨: ੮, ੯)

# ਪ੍ਰਭੂ ਯਿਸੂ ਸਾਨੂੰ ਕੀ ਕਹਿੰਦੇ ਹਨ ?

"ਤੂੰ ਪ੍ਰਭੂ ਆਪਣੇ ਪਰਮੇਸ਼ਰ ਨੂੰ ਆਪਣੇ ਸਾਰੇ ਦਿਲ , ਸਾਰੇ ਪ੍ਰਾਣ, ਅਤੇ ਸਾਰੀ ਬੁਧ ਨਾਲ ਪਿਆਰ ਕਰ ।' ਇਹ ਸਭ ਤੋਂ ਵੱਡੀ ਅਤੇ ਜ਼ਰੂਰੀ ਆਗਿਆ ਹੈ । ਦੂਜੀ ਆਗਿਆ, ਜੋ ਇਸੇ ਤਰ੍ਹਾਂ ਜ਼ਰੂਰੀ ਹੈ : ' ਤੂੰ ਆਪਣੇ ਗੁਆਂਢੀ ਨੂੰ ਆਪਣੇ ਬਰਾਬਰ ਪਿਆਰ ਕਰ ।'
(ਸੰਤ ਮਤੀ ੨੨: ੩੮-੩੯)

" ਉਹ ਸਭ ਜੋ ਤੁਸੀਂ ਚਾਹੁੰਦੇ ਹੋ ਕਿ ਲੋਕੀਂ ਤੁਹਾੜੇ ਨਾਲ ਕਰਨ, ਤੁਸੀਂ ਵੀ ਉਸੇ ਤਰ੍ਹਾਂ ਉਹਨਾਂ ਨਾਲ ਕਰੋ, ਕਿਉਂਕਿ ਵਿਵਸਥਾ ਅਤੇ ਨਬੀਆਂ ਦੀਆਂ ਸਿਖਿਆਵਾਂ ਦਾ ਇਹ ਹੀ ਅਰਥ ਹੈ । " (ਸੰਤ ਮਤੀ ੭: ੧੨)

ਤਦ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, " ਜੋ ਕੋਈ ਪਿੱਛੇ ਪਿੱਛੇ ਚਲਨਾ ਚਾਹੇ; ਉਹ ਪਹਿਲਾ ਆਪਣਾ ਆਪ ਤਿਆਗੇ, ਅਤੇ ਫਿਰ ਆਪਣੀ ਸ਼ਲੀਬ ਚੁੱਕ ਕੇ ਮੇਰੇ ਪਿੱਛੇ ਚਲੇ । " (ਸੰਤ ਮਤੀ ੧੬: ੨੪)

ਇਸ ਸਭ ਦੇ ਉਲਟ : ਤੁਸੀਂ ਆਪਣੇ ਵੈਰੀਆਂ ਨਾਲ ਪਿਆਰ ਕਰੋ, ਉਹਨਾਂ ਨਾਲ ਭਲਾਈ ਕਰੋ । ਉਧਾਰ ਦੇਵੋ, ਪਰ ਵਾਪਸ ਲੈਣ ਦੀ ਉਮੀਦ ਨਾਲ ਨਹੀਂ । ਤੁਹਾਨੂੰ ਇਸ ਦੇ ਬਦਲੇ ਬਹੁਤ ਇਨਾਮ ਮਿਲੇਗਾ ਅਤੇ ਤੁਸੀਂ ਪਰਮ ਪਰਮੇਸ਼ਰ ਦੇ ਪੁੱਤਰ ਹੋਵੋਗੇ, ਕਿਉਂਕਿ ਉਹ ਆਪ ਨਾਸ਼ੁਕਰਿਆਂ ਅਤੇ ਬੁਰਿਆਂ ਦੋਹਾਂ ਉਤੇ ਦਇਆ ਕਰਦਾ ਹੈ । ਇਸ ਲਈ ਜਿਸ ਤਰ੍ਹਾਂ ਤੁਹਾਡਾ ਪਿਤਾ ਦਿਆਲੂ ਹੈ, ਤੁਸੀਂ ਵੀ ਦਿਆਲੂ ਬਣੋ ।" (ਸੰਤ ਲੂਕਾ ੬: ੩੫-੩੬)

**ਹੋਰ ਜਾਣਕਾਰੀ ਲਈ ਕੌਲ ਕਰੋ:**
**ਪਾਦਰੀ ਜੀ ਸੀ ਜਾਨਸਨ ਜਾਂ ਜੋਜ਼ਫ ਸਿੰਘ**
**ਫੋਨ # ੪੧੬-੭੪੧-੨੧੧੦ ਤੇ**
**ਪਤਾ :**

**"ਆਉਅਰ ਸੇਵ੍ਯਅਰ ਲੂਥਰਨ ਚਰਚ"**
**੨੭੦੫ ਇਸਲਿੰਗਟਨ ਅਵਿਨ੍ਯੂ । ਈਟੋਬੀਕੋਕ**
**ਈਟੋਬੀਕੋਕ, ਉਨਟਾਰਿਓ . M9V 2X7**

**Our Saviour Lutheran Church+**
**2705 Islington Ave, Etobicoke. On. M9v 2X7**

**Ph: 416-741-2110**
**E-mail : Pastor: pastor.johnson@oslc.on.ca**
**Joseph: joseph.singh@oslc.on.ca**
**Website: www.oslc.on.ca**

**ਅਸੀਂ ਤੁਹਾਨੂੰ ਸਾਰੀ ਪਵਿੱਤਰ ਬਾਈਬਲ ਪੜ੍ਹਣ ਲਈ ਉਤਸਾਹਿਤ ਕਰਦੇ ਹਾਂ । ਪਵਿੱਤਰ ਬਾਈਬਲ ਤੁਸੀਂ ਕਿਸੇ ਵੀ ਭਾਸ਼ਾ ਵਿਚ**
Canadian Bible Society , 10 Carnforth Road, Toronto, Ontario. M4A 2S4. Tel : (416) 757-4171 FAX : (416) 757-3376 ਜਾਂ ਕਿਸੇ ਕ੍ਰਿਸਚਣ ਬੁਕ ਸਟੋਰ ਤੋਂ ਖਰੀਦ ਸਕਦੇ ਹੋ।

# ਪ੍ਰਭੂ ਯਿਸੂ

**ਹੀ ਰਾਹ ਹੈ,**
**ਹੀ ਸਤ ਹੈ,**
**ਹੀ ਜੀਵਣ ਹੈ ।**
**ਉਹ ਹੀ :**
**ਅਦਭੁੱਤ ਸਲਾਹਕਾਰ**
**ਅਨੰਤ ਪਿਤਾ**
**ਸਰਵ ਸ਼ਕਤੀਮਾਨ ਪ੍ਰਭੂ**
**ਇਮਾਨੂੰਏਲ : ਦਾ ਅਰਥ ਹੈ**
**"ਪਰਮੇਸ਼ਰ" ਸਾਡੇ ਨਾਲ" ਹੈ ।**
**ਪਰਮੇਸ਼ਰ ਦਾ ਪੁੱਤਰ**
**ਪਰਮੇਸ਼ਰ ਦਾ ਮੇਮਨਾ**
**ਪੁਨਰ ਉੱਥਾਨ ਅਤੇ ਜੀਵਣ**
**ਜੀਵਣ ਦਾ ਵਚਣ**
**ਸੰਸਾਰ ਦੀ ਜੋਤੀ**
**ਅਨੰਤ ਜੀਵਣ**
**ਜੀਵਣ ਦੀ ਰੋਟੀ**
**ਇਕ ਅੱਛਾ ਚਰਵਾਹਾ**
**ਮਸੀਹੀ ਸੰਗਤ ਦਾ ਮੁੱਖ-ਅਧਿਕਾਰੀ**
**ਸ਼ਾਂਤੀ ਦਾ ਰਾਜ ਕੁਮਾਰ**
**ਆਦੀ ਅਤੇ ਅੰਤ**